بِسۡمِ اللّٰہِ الرَّحۡمٰنِ الرَّحِیۡمِ نَحْمَدُهٗ وَنُصَلِّیْ عَلٰی رَسُوْلِهِ الْکَرِیْمِ وَعَلٰی عَبْدِهِ الْمَسِیْحِ الْمَوْعُوْدِ

# ਖ਼ੁਲਾਸਾ ਖ਼ੁਤਬਾ ਜੁਮਆ 18.12.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 18 ਦਸੰਬਰ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਹੁਣ ਅਕਾਸ਼ ਹੇਠ ਬਸ ਇਕ ਹੀ ਨਬੀ ਅਤੇ ਇਕ ਹੀ ਕਿਤਾਬ ਹੈ ਅਰਥਾਤ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਜੋ ਸਾਰਿਆਂ ਨਬੀਆਂ ਤੋਂ ਉਚੱਤਮ, ਚੋਟੀ ਦੇ ਵਧੀਆ ਅਤੇ ਸਾਰਿਆਂ ਰਸੂਲਾਂ ਤੋਂ ਸੰਪੂਰਨ ਤੇ ਮੁਕੰਮਲ ਅਤੇ ਖ਼ਾਤਾਮੁਲ ਅੰਬਿਆ (ਨਬੀਆਂ ਦੀ ਸੀਲ) ਅਤੇ ਲੋਕਾਂ ਲਈ ਚੰਗੇ ਹਨ ਜਿੰਨ੍ਹਾ ਦੀ ਪੈਰ੍ਵੀ ਨਾਲ ਰੱਬ ਮਿਲਦਾ ਹੈ ਅਤੇ ਅੰਧਕਾਰ ਦੇ ਪਰਦੇ ਹਟ ਜਾਂਦੇ ਹਨ ਅਤੇ ਇਸੇ ਜਹਾਨ ਵਿੱਚ ਸੱਚੀ ਮੁਕਤੀ ਦੇ ਪ੍ਰਭਾਵ ਪ੍ਰਕਟ ਹੁੰਦੇ ਹਨ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੱਦ ਮਸੀਹ ਮੌਊਦ ਤੇ ਮਹਦੀ ਮਾਹੂਦ ਹੋਣ ਦਾ ਦਾਵਾ ਕੀਤਾ ਉਸ ਸਮੇਂ ਤੋਂ ਲੈਕੇ ਅੱਜ ਤੱਕ ਅਹਮਦੀਅਤ ਦੇ ਵਿਰੋਧੀ ਜਾਂ ਇਹ ਅਖੌਤੀ ਮੌਲਵੀ ਆਪ ਉਪੱਰ ਬਹੁਤ ਇਤਰਾਜ਼ ਕਰਦੇ ਚਲੇ ਆ ਰਹੇ ਹਨ ਅਤੇ ਦੋਸ਼ ਲਾਉਂਦੇ ਚਲੇ ਆ ਰਹੇ ਹਨ । ਅਤੇ ਇਹ ਲੋਕ ਜੋ ਸਭ ਤੋਂ ਵੱਡਾ ਆਰੋਪ ਲਾਉਂਦੇ ਹਨ ਉਹ ਇਹ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣੇ ਆਪ ਨੂੰ ‘ਨਊਜ਼ਬਿਲੱਾਹ’ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਤੋਂ ਵੱਡਾ ਸਮਝਦੇ ਹਨ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਬਾਰੇ ਕੁਝ ਅਜਿਹੇ ਸ਼ਬਦ ਕਹੇ ਹਨ ਜਿੰਨ੍ਹਾ ਤੋਂ ਆਪ ਦੀ ਬੇਅਦਬੀ ਹੁੰਦੀ ਹੈ ਅਤੇ ਇਹੋ ਆਰੋਪ ਇਹ ਲੋਕ ਅੱਜ ਜਮਾਤ ਅਹਮਦੀਆਂ ਦੇ ਲੋਕਾਂ ਉਪੱਰ ਵੀ ਲਾਉਂਦੇ ਹਨ । ਜਿੰਨ੍ਹਾ ਨੇਕ ਸੁਭਾਵੀ ਲੋਕਾਂ ਨੇ ਜੱਦ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾ ਪੜ੍ਹੀਆਂ ਜਮਾਤ ਦਾ ਲਿਟ੍ਰੇਚਰ ਪੜ੍ਹਿਆ ਜਾਂ ਆਪ ਦੇ ਫ਼ਰਮਾਨ ਸੁਣੇ, ਉਹਨਾਂ ਨੂੰ ਝੱਟ ਸਮਝ ਆ ਗਈ ਕਿ ਇਹਨਾਂ ਅਖੌਤੀ ਤੇ ਉਪਦੱਰ ਮਚਾਉਣ ਵਾਲੇ ਮੌਲਵੀਆਂ ਨੇ ਕੇਵਲ ਫ਼ਸਾਦ ਪੈਦਾ ਕਰਨ ਲਈ ਇਹ ਆਰੋਪ ਲਾਏ ਹਨ, ਇਹ ਗੱਲਾਂ ਕੀਤੀਆਂ ਹਨ ।

ਇਸ ਸਮੇਂ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕੁਝ ਹਵਾਲੇ ਪੇਸ਼ ਕਰਾਂਗਾ ਜੋ ਆਪ ਦੀਆਂ ਵੱਖ ਵੱਖ ਕਿਤਾਬਾਂ ਵਿੱਚ ਮੌਜੂਦ ਹਨ । ਜੱਦ ਆਪ ਨੇ ‘ਬ੍ਰਾਹੀਨ ਅਹਮਦੀਆ’ ਲਿੱਖੀ ਅਤੇ ਜੋ ਆਪਨੇ ਅਖੀਰੀ ਕਿਤਾਬ ਅਪਣੇ ਦੇਹਾਂਤ ਸਮੇਂ ਲਿੱਖੀ ਜਾਂ ਉਸ ਤੋਂ ਕੁਝ ਸਮਾਂ ਪਹਿਲਾਂ, ਉਸ ਦੇ ਹਵਾਲੇ ਪੇਸ਼ ਕਰਾਂਗਾ ਜਿੰਨ੍ਹਾ ਵਿੱਚ ਆਪ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਅਮ ਦੇ ਮੁਕਾਮ ਤੇ ਮਰਤਬੇ ਬਾਰੇ ਵਰਨਣ ਕੀਤਾ ਹੈ । ‘ਬ੍ਰਾਹੀਨ ਅਹਮਦੀਆ’ ਵਿੱਚ ਆਪ ਇਕ ਥਾਂ ਫ਼ਰਮਾਉਂਦੇ ਹਨ : “ਹੁਣ ਅਕਾਸ਼ ਹੇਠ ਬਸ ਇਕ ਹੀ ਨਬੀ ਅਤੇ ਇਕ ਹੀ ਕਿਤਾਬ ਹੈ ਅਰਥਾਤ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਜੋ ਸਾਰਿਆਂ ਨਬੀਆਂ ਤੋਂ ਉਚੱਤਮ, ਚੋਟੀ ਦੇ ਵਧੀਆ ਅਤੇ ਸਾਰਿਆਂ ਰਸੂਲਾਂ ਤੋਂ ਸੰਪੂਰਨ ਤੇ ਮੁਕੰਮਲ ਅਤੇ ਖ਼ਾਤਾਮੁਲ ਅੰਬਿਆ (ਨਬੀਆਂ ਦੀ ਸੀਲ) ਅਤੇ ਲੋਕਾਂ ਲਈ ਚੰਗੇ ਹਨ ਜਿੰਨ੍ਹਾ ਦੀ ਪੈਰ੍ਵੀ ਨਾਲ ਰੱਬ ਮਿਲਦਾ ਹੈ ਅਤੇ ਅੰਧਕਾਰ ਦੇ ਪਰਦੇ ਹਟ ਜਾਂਦੇ ਹਨ ਅਤੇ ਇਸੇ ਜਹਾਨ ਵਿੱਚ ਸੱਚੀ ਮੁਕਤੀ ਦੇ ਪ੍ਰਭਾਵ ਪ੍ਰਕਟ ਹੁੰਦੇ ਹਨ ਅਤੇ ਕੁਰਆਨ ਕਰੀਮ ਜੋ ਸੱਚਾ ਤੇ ਸੰਪੂਰਨ ਹਿਦਾਇਤਾਂ ਤੇ ਪ੍ਰਭਾਵਾਂ ਉਪੱਰ ਅਧਾਰਤ ਹੈ ਜਿਸ ਰਾਹੀਂ ਸਚੱਾ ਗਿਆਨ ਤੇ ਮਆਰਫ਼ਤ ਹਾਸਲ ਹੁੰਦੀ ਹੈ ਅਤੇ ਮਾਨਵੀ ਉਣਤਾਈਆਂ ਤੋਂ ਮਨ ਸਾਫ਼ ਤੇ ਪਾਕ ਹੁੰਦਾ ਹੈ ਅਤੇ ਮਨੁੱਖ ਮੂਰਖਤਾ, ਗ਼ਫ਼ਲਤ ਤੇ ਸ਼ੰਕਿਆਂ ਦੇ ਪਰਦਿਆਂ ਤੋਂ ਮੁਕਤੀ ਪ੍ਰਾਪਤ ਕਰਕੇ ਪੂਰਨ ਸੱਚੇ ਵਿਸ਼ਵਾਸ ਦੇ ਮੁਕਾਮ ਨੂੰ ਪਹੁੰਚ ਜਾਂਦਾ ਹੈ ।” ਫਿਰ ‘ਬ੍ਰਾਹੀਨ ਅਹਮਦੀਆ’ ਵਿੱਚ ਆਪ

ਫ਼ਰਮਾਉਂਦੇ ਹਨ ਕਿ : "ਅਤੇ ਇਹ ਆਜਿਜ਼ (ਅਸਮਰਥ) ਵੀ ਉਸ ਮਹਾਨਤਮ ਨਬੀ ਦੇ ਤੁੱਛ ਸੇਵਕਾਂ ਵਿੱਚੋਂ ਹੈ ਜੋ ਕਿ ਪਵਿਤੱਰ ਰਸੂਲ ਤੇ ਸਾਰਿਆਂ ਨਬੀਆਂ ਦਾ ਸਰਤਾਜ ਹੈ ।" ਫਿਰ 1886 ਈ. ਵਿੱਚ ਆਪਣੀ ਕਿਤਾਬ 'ਸੁਰਮਾ ਚਸ਼ਮਾ ਆਰੀਆ' ਵਿੱਚ ਆਪ ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਅਮ ਦੇ ਮੁਕਾਮ ਬਾਰੇ ਲਿੱਖਦੇ ਹਨ ਕਿ ਕਿਉਂਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਆਪਣੀ ਅੰਾਤਰਕ ਪ੍ਰਤਖੱਤਾ, ਸਨਮਾਨ, ਨਿਮਰਤਾ ਤੇ ਪਵਿਤੱਰਤਾਈ, ਸਚੱਾਈ ਤੇ ਸਵਛੱਤਾ, ਭਰੋਸਾ ਤੇ ਈਮਾਨਦਾਰੀ ਅਤੇ ਇਸ਼ਕੇ ਇਲਾਹੀ ਦੇ ਸਾਰੇ ਲਾਜ਼ਮੀ ਅੰਗਾ ਵਿੱਚ ਸਾਰਿਆਂ ਨਬੀਆਂ ਤੋਂ ਵਧੱਕੇ ਅਤੇ ਸਭ ਤੋਂ ਉਚੱਤਮ, ਚੋਟੀ ਦੇ, ਸੰਪੂਰਨ, ਕਾਮਲ, ਬੁਲੰਦ, ਪਵਿਤੱਰ ਤੇ ਪਾਕ ਸਨ । ਇਸ ਲਈ ਉਸ ਜਲਾਲ ਵਾਲੇ ਰੱਬ ਨੇ ਇਹਨਾਂ ਨੂੰ ਵਿਸ਼ੇਸ਼ ਸੁਗੰਧਾ ਰਾਹੀਂ ਸਭ ਤੋਂ ਅਧਿਕ ਸੁਗੰਧਤ ਕੀਤਾ ਅਤੇ ਉਹ ਹਿੱਕ ਤੇ ਦਿਲ ਜੋ ਸਾਰੇ ਪਹਿਲਿਆਂ ਤੇ ਅਖੀਰਲਿਆਂ ਦੇ ਦਿਲਾਂ ਤੋਂ ਖੁਲੱਾ, ਚੌੜਾ, ਪਾਕ, ਵਿਨਮੱਰ ਤੇ ਰੌਸ਼ਨ ਸੀ, ਉਹ ਉਸੇ ਯੋਗ ਠਹਿਰਿਆ ਕਿ ਉਸ'ਤੇ ਅਜਿਹੀ ਵਹੀ (ਵਾਣੀ) ਨਾਜ਼ਲ (ਉਤਾਰੀ) ਹੋਵੇ ਕਿ ਜੋ ਸਾਰਿਆਂ ਪਹਿਲਿਆਂ ਤੇ ਅਖ਼ੀਰਲਿਆਂ ਦੀਆਂ ਵਹੀਆਂ (ਵਾਣੀਆਂ) ਤੋਂ ਠੋਸ, ਮਜ਼ਬੂਤ, ਕਾਮਲ, ਬੁਲੰਦ ਤੇ ਸੰਪੂਰਨ ਹੋਕੇ ਇਲਾਹੀ ਗੁਣ ਦਿਖਾਉਣ ਲਈ ਇਕ ਅਤਿਅੰਤ ਸਾਫ਼, ਪ੍ਰਤਖ, ਖੁਲੱਾ ਤੇ ਵਿਸ਼ਾਲ ਦਰਪਨ ਹੋਵੇ ।"

ਫਿਰ 1891 ਈ. ਵਿੱਚ ਆਪਣੀ ਕਿਤਾਬ 'ਤੌਜ਼ੀਏ ਮਰਾਮ' ਵਿੱਚ ਇਲਾਹੀ ਵਹੀ ਦੇ ਅਤਿਅੰਤ ਦਰਜੇ ਦੇ ਪ੍ਰਤਾਪ ਦਾ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ : "ਅਤੇ ਇਹ ਅਵਸਥਾ ਕੇਵਲ ਦੁਨੀਆਂ ਵਿੱਚ ਇਕ ਹੀ ਮਨੁੱਖ ਨੂੰ ਮਿਲੀ ਹੈ, ਜੋ ਸੰਪੂਰਨ ਮਨੁੱਖ ਹੈ ਜਿਸ'ਤੇ ਸਾਰਾ ਮਨੁੱਖੀ ਸਿਲਸਿਲਾ ਖ਼ਤਮ ਹੋ ਗਿਆ ਹੈ । ਅਤੇ ਮਾਨਵੀ ਸ਼ਕਤੀਆਂ ਦੀ ਹੱਦ ਆਪਣੀ ਸੰਪੂਰਨਤਾ ਨੂੰ ਪਹੁੰਚੀ ਹੈ ਅਤੇ ਉਹ ਵਾਸਤਵ ਵਿੱਚ ਇਲਾਹੀ ਪੈਦਾਇਸ਼ ਦੀ ਖਿੱਚੀ ਰੇਖਾ ਦੀ ਬੁਲੰਦੀ ਵੱਲ ਅਖੀਰੀ ਨੁਕਤਾ ਹੈ (ਅਰਥਾਤ ਰੱਬ ਨੇ ਜੋ ਵੀ ਮਨੁੱਖੀ ਪੈਦਾਇਸ਼ ਕੀਤੀ ਹੈ ਉਸ ਦਾ ਜੋ ਅਤਿਅੰਤ ਰੂਪ ਹੈ ਜੇਕਰ ਰੇਖਾ ਖਿੱਚੀ ਜਾਵੇ ਤਾਂ ਉਸ ਦਾ ਅਖੀਰੀ ਸਿਰਾ ਹੈ ।) ਜੋ ਬੁਲੰਦੀ ਦੇ ਸਾਰਿਆਂ ਮਰਤਬਿਆਂ ਦਾ ਅੰਤ ਹੈ (ਜੋ ਅਤਿਅੰਤ ਉੱਚੇ ਮੁਕਾਮ ਨੂੰ ਪਹੁੰਚਿਆ ਹੋਇਆ ਹੈ, ਫਰਮਾਇਆ ਕਿ) ਇਲਾਹੀ ਦਾਨਾਈ ਦੇ ਹੱਥਾ ਨੇ ਤੁੱਛ ਤੋਂ ਤੁੱਛ ਖ਼ਲਕਤ ਤੋਂ ਅਤੇ ਹੇਠਾਂ ਤੋਂ ਹੇਠਾਂ ਮਖ਼ਲੂਕ ਤੋਂ ਪੈਦਾਇਸ਼ ਦਾ ਸਿਲਸਿਲਾ ਅਰੰਭ ਕਰਕੇ ਉਸ ਉਤੱਮ ਦਰਜੇ ਦੇ ਮਰਤਬੇ ਤੱਕ ਪਹੁੰਚਾ ਦਿੱਤਾ ਜਿਸ ਦਾ ਨਾਂ ਦੂਜੇ ਸ਼ਬਦਾਂ ਵਿੱਚ ਮੁਹਮੱਦ ਹੈ ਸਲਲੱਾਹੁ ਅਲੈਹਿ ਵਸਲਅਮ । ਜਿਸ ਦੇ ਅਰਥ ਇਹ ਹਨ ਕਿ ਅਤਿਅੰਤ ਉਸਤਤਿ ਕੀਤਾ ਗਿਆ ਅਰਥਾਤ ਸੰਪੂਰਨਤਾ ਦੀ ਦਿੱਖ, ਸੋ, ਜਿਵੇਂ ਕਿ ਸੁਭਾਵ ਦੇ ਪੱਖੋਂ ਉਸ ਨਬੀ ਦਾ ਉਚੱਤਮ ਤੇ ਬੁਲੰਦ ਮੁਕਾਮ ਸੀ ਅਜਿਹਾ ਹੀ ਵਿਵਹਾਰਕ ਰੂਪ ਵਿੱਚ ਵੀ ਉਚੱਤਮ ਤੇ ਮਹਾਨਤਮ ਮਰਤਬਾ ਵਹੀ ਦਾ ਉਸ ਨੂੰ ਪ੍ਰਾਪਤ ਹੋਇਆ ਅਤੇ ਉਚੱਤਮ ਤੇ ਮਹਾਨਤਮ ਮੁਕਾਮ ਸਨੇਹ (ਪ੍ਰੇਮ) ਦਾ ਮਿਲਿਆ ਜੋ ਕਿ ਸਰਬਉਚੱ ਮੁਕਾਮ ਹੈ ਕਿ ਮੈਂ (ਫ਼ਰਮਾਇਆ ਕਿ ਮੈਂ ਅਰਥਾਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ) ਅਤੇ ਮਸੀਹ (ਅਰਥਾਤ ਹਜ਼ਰਤ ਈਸਾ ਅਲੈਹਿ ਸਲਾਮ) ਦੋਨੋ ਇਸ ਮੁਕਾਮ ਤੱਕ ਨਹੀਂ ਪਹੁੰਚ ਸਕਦੇ ।"

ਫਿਰ 1892-93 ਈ. ਦੀ ਕਿਤਾਬ 'ਆਈਨਾਏ ਕਮਾਲਾਤ' ਜੋ 'ਰੂਹਾਨੀ ਖ਼ਜ਼ਾਇਨ' ਦੇ ਪੰਜਵੇਂ ਭਾਗ ਵਿੱਚ ਹੈ ਦੋ ਭਾਗ ਹਨ, ਉਰਦੂ ਤੇ ਅਰਬੀ ਭਾਗ ਹੈ ਇਸ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਮੁਕਾਮ ਬਾਰੇ ਆਪ ਫ਼ਰਮਾਉਂਦੇ ਹਨ ਕਿ : "ਉਹ ਉਤੱਮ ਦਰਜੇ ਦਾ ਨੂਰ ਜੋ ਮਨੁੱਖ ਨੂੰ ਦਿਤੱਾ ਗਿਆ ਅਰਥਾਤ ਕਾਮਲ ਇਨਸਾਨ (ਸੰਪੂਰਨ ਮਨੁੱਖ) ਨੂੰ ਉਹ ਫ਼ਰਿਸ਼ਤਿਆਂ ਵਿੱਚ ਨਹੀਂ ਸੀ, ਤਾਰਿਆਂ ਵਿੱਚ ਨਹੀਂ ਸੀ, ਚੰਨ੍ਹ ਵਿੱਚ ਨਹੀਂ ਸੀ, ਸੂਰਜ ਵਿੱਚ ਵੀ ਨਹੀਂ ਸੀ, ਉਹ ਧਰਤੀ ਦੇ ਸਾਗਰਾਂ ਤੇ ਦਰਿਆਵਾਂ ਵਿੱਚ ਵੀ ਨਹੀਂ ਸੀ । ਉਹ ਲਾਲ ਜਵਾਹਰ, ਪੰਨੇ, ਹੀਰੇ ਤੇ ਮੋਤੀਆਂ ਵਿੱਚ ਵੀ ਨਹੀ ਸੀ, ਭਾਵ ਉਹ ਕਿਸੇ ਧਰਾਤਲੀ ਤੇ ਅਕਾਸ਼ੀ ਚੀਜ਼ ਵਿੱਚ ਨਹੀਂ ਸੀ, ਕੇਵਲ ਮਨੁੱਖ ਵਿੱਚ ਸੀ ਅਰਥਾਤ ਕਾਮਲ ਮਨੁੱਖ ਜਿਸ ਦਾ ਸਰਬਉਤੱਮ, ਸੰਪੂਰਨ, ਚੋਟੀ ਦਾ, ਕਾਮਲ, ਉਚੱਤਮ ਤੇ ਬੁਲੰਦ ਰੂਪ ਸਾਡੇ ਸਯੱਦ ਤੇ ਮੌਲਾ ਸਯੱਾਦੁਲ ਅੰਬਿਆ ਸਯੱਾਦੁਲ ਅਹਯਾ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਹਨ ।"

ਫਿਰ ਜਿਲਦ 8 ਵਿੱਚ ਹੀ 'ਰੂਹਾਨੀ ਖ਼ਜ਼ਾਇਨ' ਦੀ ਜੋ ਹੈ 'ਅਤਮਾਮੁਲ ਹੁਜੱਤ' ਇਹ ਵੀ 1894 ਈ. ਦੀ ਹੈ ਆਪ ਫ਼ਰਮਾਉਂਦੇ ਹਨ ਕਿ : "ਉਹ ਮਨੁੱਖ ਜੋ ਸਭ ਤੋਂ ਅਧਿਕ ਕਾਮਲ ਅਤੇ ਕਾਮਲ ਮਨੁੱਖ ਸੀ ਅਤੇ ਕਾਮਲ ਨਬੀ ਸੀ ਅਤੇ ਕਾਮਲ ਬਰਕਤਾਂ ਨਾਲ

ਆਇਆ, ਜਿਸ ਦੇ ਰੂਹਾਨੀ ਮਿਸ਼ਨ ਤੇ ਨਿਰਣੈ ਕਰਕੇ ਦੁਨੀਆਂ ਦੀ ਪਹਿਲੀ ਕਯਾਮਤ ਪ੍ਰਕਟ ਹੋਈ ਅਤੇ ਇਕ ਮੁਰਦਾ ਜਹਾਨ ਉਸ ਦੇ ਆਉਣ ਨਾਲ ਜੀਉਂਦਾ ਹੋ ਗਿਆ । ਉਹ ਮੁਬਾਰਕ ਨਬੀ ਹਜ਼ਰਤ ਖ਼ਾਤਾਮੁਲ ਅੰਬਿਆ ਇਮਾਮੁਲ ਅਸਫ਼ਿਆ ਖ਼ਤਮੁਲ ਮੁਰਸਲੀਨ ਫ਼ਖ਼ਰੁਲ ਨਬੀਯੀਨ ਜਨਾਬੇ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਹਨ । ਹੇ, ਪਿਆਰੇ ਖ਼ੁਦਾ ਇਸ ਪਿਆਰੇ ਨਬੀ ਉਪੱਰ ਉਹ ਰਹਿਮਤਾਂ ਅਤੇ ਦੁਰੂਦ ਭੇਜ ਜੋ ਦੁਨੀਆ ਦੇ ਅਰੰਭ ਤੋਂ ਕਿਸੇ ਉਪੱਰ ਨ ਭੇਜਿਆ ਹੋਵੇ ।" ਫਿਰ 1895 ਈ. ਦੀ ਆਪਣੀ ਕਿਤਾਬ 'ਆਰਿਆ ਧਰਮ' ਵਿੱਚ ਆਪ ਫ਼ਰਮਾਉਂਦੇ ਹਨ, ਅਸੀਂ ਆਪਣੀ ਪੂਰੀ ਖੋਜ ਦੇ ਪੱਖੋਂ ਸਯੱਾਦੁਲ ਮਾਸੂਮੀਨ (ਨਿਰਦੋਸ਼ਾਂ ਦੇ ਸਰਦਾਰ) ਅਤੇ ਸਾਰੀਆਂ ਪਵਿੱਤਰ ਆਤਮਾਵਾਂ ਦਾ ਸਰਦਾਰ ਸਮਝਦੇ ਹੈਂ ਜੋ ਇਸਤਰੀ ਦੇ ਪੇਟ'ਚੋਂ ਨਿਕਲੇ ਅਤੇ ਉਸਨੂੰ 'ਖ਼ਾਤਾਮੁਲ ਅੰਬਿਆ' ਜਾਣਦੇ ਹਨ । ਕਿਉਂਕਿ ਉਸ'ਤੇ ਸਾਰੀਆਂ ਨਬੁਵੱਤਾਂ ਅਤੇ ਸਾਰੀਆਂ ਪਵਿਤੱਰਤਾਵਾਂ ਅਤੇ ਸਾਰੇ ਕਮਾਲ ਖ਼ਤਮ ਹੋ ਗਏ । ਫਿਰ 1897 ਈ. ਦੀ ਆਪ ਜੀ ਦੀ ਰਚਨਾ ਹੈ 'ਸਿਰਾਜੇ ਮੁਨੀਰ' ਇਸ ਵਿੱਚ ਆਪ ਇਕ ਥਾਂ ਫ਼ਰਮਾਉਂਦੇ ਹਨ ਕਿ ਅਸੀਂ ਜੱਦ ਨਿਆਂ ਦੀ ਦ੍ਰਿਸ਼ਟੀ ਨਾਲ ਦੇਖਦੇ ਹਾਂ ਤਾਂ ਨਬੁਵੱਤ ਦੇ ਸਾਰਿਆਂ ਸਿਲਸਿਲਿਆ ਵਿੱਚ ਅਤਿ ਉਤੱਮ ਦਰਜੇ ਦਾ ਮਹਾਪੁਰਸ਼ ਜੀਉਂਦਾ ਨਬੀ ਅਤੇ ਰੱਬ ਦਾ ਸਭ ਤੋਂ ਅਧਿਕ ਪਿਆਰਾ ਨਬੀ ਕੇਵਲ ਇਕ ਉਸੇ ਪੁਰੁਖ ਨੂੰ ਜਾਣਦੇ ਹਾਂ ਅਰਥਾਤ 'ਨਬੀਅਂ ਦਾ ਸਰਦਾਰ' ਰਸੂਲਾਂ ਦਾ ਫ਼ਖਰ ਅਵਤਾਰਾਂ ਦਾ ਸਰਤਾਜ ਜਿਸ ਦਾ ਨਾਂ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਹੈ ਜਿਸ ਦੀ ਪਾਛਾਈਂ ਹੇਠ ਦਸ ਦਿਨ ਚਲੱਣ ਨਾਲ ਉਹ ਚਾਨ੍ਹਣਾ ਮਿਲਦਾ ਹੈ ਜੋ ਪਹਿਲਾਂ ਇਸ ਤੋਂ ਹਜ਼ਾਰ ਵਰ੍ਹਿਆਂ ਤੱਕ ਨਹੀਂ ਮਿਲ ਸਕਦੀ ਸੀ ।

ਫਿਰ 1898 ਈ. ਵਿੱਚ ਆਪ ਦੀ ਰਚਨਾ ਹੈ 'ਕਿਤਾਬੁਲ ਬਰੀਯੱਾ' ਇਸ ਵਿੱਚ ਆਪ ਫ਼ਰਮਾਉਂਦੇ ਹਨ । ਸਾਡੇ ਨਬੀ ਦੇ ਨਿਸ਼ਾਨ ਤੇ ਚਮਤਕਾਰ ਦੋ ਪ੍ਰਕਾਰ ਦੇ ਹਨ । ਇਕ ਉਹ ਜੋ ਆਪ ਜੀ ਦੇ ਹੱਥੀਂ ਜਾਂ ਆਪ ਜੀ ਦੇ ਕਥਨਾ ਜਾਂ ਆਪ ਦੇ ਅਮਲਾਂ ਜਾਂ ਆਪ ਦੀ ਦੁਆ ਰਾਹੀਂ ਪ੍ਰਕਟ ਹੋਏ ਅਤੇ ਅਜਿਹੇ ਚਮਤਕਾਰ ਗਿਣਤੀ ਦੇ ਪੱਖੋਂ ਲਗਭਗ ਤਿੰਨ ਹਜ਼ਾਰ ਹਨ । ਅਤੇ ਦੂਜੇ ਉਹ ਚਮਤਕਾਰ ਹਨ ਜੋ ਆਪ ਜੀ ਦੀ ਉਮੱਤ ਰਾਹੀਂ ਹਮੇਸ਼ਾ ਪ੍ਰਕਟ ਹੁੰਦੇ ਰਹਿੰਦੇ ਹਨ ਅਤੇ ਅਜਿਹੇ ਨਿਸ਼ਾਨਾ ਤੇ ਚਮਤਕਾਰਾਂ ਦੀ ਗਿਣਤੀ ਲੱਖਾਂ ਹੀ ਹੈ ਅਤੇ ਅਜਿਹੀ ਕੋਈ ਸਦੀ ਵੀ ਨਹੀਂ ਲੰਘੀ ਜਿਸ ਵਿੱਚ ਅਜਿਹੇ ਚਮਤਕਾਰ ਨ ਪ੍ਰਕਾਟ ਹੋਏ ਹੋਣ । ਸੋ, ਇਸ ਜੁੱਗ ਵਿੱਚ ਇਸ ਨਿਮਾਣੇ ਰਾਹੀਂ ਰੱਬ ਇਹ ਚਮਤਕਾਰ ਦਿਖਾ ਰਿਹਾ ਹੈ । ਉਹਨਾਂ ਸਾਰਿਆਂ ਨਿਸ਼ਾਨਾਂ ਵਿੱਚੋਂ ਜਿੰਨ੍ਹਾ ਦੀ ਲੜੀ ਕਿਸੇ ਜੁੱਗ ਵਿੱਚ ਵੀ ਨਹੀਂ ਖ਼ਤਮ ਹੁੰਦੀ । ਅਸੀਂ ਨਿਸ਼ਚੇ ਹੀ ਜਾਣਦੇ ਹਾਂ ਕਿ ਰੱਬ ਦਾ ਸਭ ਤੋਂ ਵਡੱਾ ਨਬੀ ਅਤੇ ਸਭ ਤੋਂ ਪਿਆਰਾਂ ਨਬੀ ਜਨਾਬੇ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਹਨ ਕਿਉਂਕਿ ਹੋਰਨਾ ਨਬੀਆਂ ਦੀਆਂ ਕੌਮਾਂ ਇਕ ਅੰਧਕਾਰ ਵਿੱਚ ਪਈਆਂ ਹੋਈਆਂ ਹਨ ਅਤੇ ਕੇਵਲ ਪੁਰਾਣੇ ਬੀਤੇ ਕਿੱਸੇ ਤੇ ਕਹਾਣੀਆਂ ਉਹਨਾਂ ਕੋਲ ਹਨ ਪਰ ਇਹ ਉਮੱਤ ਹਮੇਸ਼ਾ ਰੱਬ ਰਾਹੀਂ ਤਾਜ਼ਾ ਨਿਸ਼ਾਨ ਪ੍ਰਾਪਤ ਕਰਦੀ ਰਹਿੰਦੀ ਹੈ । ਰੱਬ ਨੇ ਹਰ ਇਕ ਜੁੱਗ ਵਿੱਚ ਇਸ ਕਾਮਲ ਤੇ ਪਵਿਤੱਰ ਨਿਸ਼ਾਨ ਦਿਖਾਉਣ ਲਈ ਕਿਸੇ ਨ ਕਿਸੇ ਨੂੰ ਭੇਜਿਆ ਹੈ ਅਤੇ ਇਸ ਜੁੱਗ ਵਿੱਚ ਮਸੀਹ ਮੌਊਦ ਦੇ ਨਾਂ ਨਾਲ ਮੈਂਨੂੰ ਭੇਜਿਆ ਹੈ । ਫਿਰ ਸਨ 1900 ਈ. ਵਿੱਚ ਆਪਣੇ ਰਸਾਲੇ 'ਅਰਬਾਈਨ' ਨੰਬਰ ਇਕ ਵਿੱਚ ਜੋ 'ਰੂਹਾਨੀ ਖ਼ਜਾਇਨ' ਦੀ ਜਿਲਦ 17 ਵਿੱਚ ਹੈ ਇਸ ਵਿੱਚ ਆਪ ਫ਼ਰਮਾਉਂਦੇ ਹਨ ਕਿ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਧਰਤੀ ਉਪੱਰ ਉਹ ਇਕ ਹੀ ਮਨੁੱਖ ਲੰਘਿਆ ਹੈ ਜਿਸ ਦੀਆਂ ਪਸ਼ੇਗੋਈਆਂ ਅਤੇ ਦੁਆਵਾਂ ਕੁਬੂਲ ਹੋਣਾ ਅਤੇ ਹੋਰਨਾ ਦੱਬੇ ਖ਼ਜ਼ਾਨਿਆਂ ਦਾ ਪ੍ਰਕਟ ਹੋਣਾ ਇਕ ਅਜਿਹਾ ਮਾਰਗ ਹੈ ਜੋ ਹੁਣ ਤੱਕ ਉਮੱਤ ਦੇ ਸੱਚੇ ਪੈਰ੍ਹੋਕਾਰਾਂ ਰਾਹੀਂ ਦਰਿਆ ਵਾਂਗ ਲਹਿਰਾਂ ਮਾਰ ਰਿਹਾ ਹੈ । ਸਿਵਾਏ ਇਸਲਾਮ ਦੇ ਉਹ ਧਰਮ ਕਿੱਥੇ ਤੇ ਕਿਧੱਰ ਹੈ ਜੋ ਇਹ ਖ਼ਸਲਤ ਤੇ ਸ਼ਕਤੀ ਆਪਣੇ ਵਿੱਚ ਰਖੱਦਾ ਹੈ ਅਤੇ ਉਹ ਲੋਕ ਕਿੱਥੇ ਅਤੇ ਕਿਹੜੇ ਦੇਸ਼ ਵਿੱਚ ਰਹਿੰਦੇ ਹਨ ਜੋ ਇਸਲਾਮੀ ਬਰਕਤਾਂ ਤੇ ਨਿਸ਼ਾਨਾ (ਚਮਤਕਾਰਾਂ) ਦਾ ਮੁਕਾਮਬਲਾ ਕਰ ਸਕਦੇ ਹਨ ।

ਫਿਰ 1902 ਈ. ਦੀ ਆਪਣੀ ਰਚਨਾ 'ਕਸ਼ਤੀਏ ਨੂਹ' ਵਿੱਚ ਆਪ ਫ਼ਰਮਾਉਂਦੇ ਹਨ : ਮਨੁੱਖ ਲਈ ਇਸ ਧਰਤੀ ਉਪੱਰ ਹੁਣ ਕੋਈ ਕਿਤਾਬ ਨਹੀਂ ਪਰ ਕੁਰਆਨ ਕਰੀਮ ਅਤੇ ਸਾਰਿਆਂ ਆਦਮਜ਼ਾਦਾਂ ਲਈ ਹੁਣ ਕੋਈ ਰਸੂਲ ਅਤੇ ਸਫ਼ਾਰਸ਼ੀ ਨਹੀਂ ਪਰ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ, ਸੋ, ਤੁਸੀਂ ਜਤਨ ਕਰੋ ਕਿ ਸੱਚਾ ਪ੍ਰੇਮ ਇਸ ਜਾਹੋ ਜਲਾਲ ਵਾਲੇ ਨਬੀ ਨਾਲ ਰੱਖੋ ਅਤੇ ਉਸ ਤੋਂ ਬਿਨਾਂ ਕਿਸੇ ਹੋਰ ਨੂੰ ਉਸ'ਤੇ ਵੱਡਿਆਈ ਨ ਦਿਓ ਤਾਂ ਜੋ ਤੁਸੀਂ ਅਕਾਸ਼ ਉਪੱਰ ਮੁਕਤੀ ਪ੍ਰਾਪਤ ਲਿੱਖੇ ਜਾਓ । ਫਿਰ 1902 ਈ. ਦੀ ਹੀ

ਇਕ ਹੋਰ ਰਚਨਾ 'ਨਸੀਮੇ ਦਾਵਤ' ਵਿੱਚ ਆਪ ਫ਼ਰਮਾਉਂਦੇ ਹਨ : ਉਸ ਕਾਦਰ, ਸੱਚੇ ਤੇ ਕਾਮਲ ਰੱਬ ਨੂੰ ਸਾਡੀ ਆਤਮਾ ਅਤੇ ਸਾਡਾ ਪੋਰਾ ਪੋਰਾ ਵੁਜੂਦ ਸਜੱਦੇ ਕਰਦਾ ਹੈ ਜਿਸ ਦੇ ਹੱਥਾਂ'ਚੋਂ ਹਰ ਇਕ ਆਤਮਾ ਅਤੇ ਹਰ ਇਕ ਮਖ਼ਲੂਕ ਦਾ ਕਣ ਕਣ ਆਪਣੀਆਂ ਸਾਰੀਆਂ ਸ਼ਕਤੀਆਂ ਨਾਲ ਪ੍ਰਕਟ ਹੋਇਆ ਅਤੇ ਜਿਸ ਦੇ ਜਿਸਦੇ ਵੁਜੂਦ ਸਬਬ ਉਹ ਵੁਜੂਦ ਕਾਇਮ ਹੈ ਅਤੇ ਕੋਈ ਚੀਜ਼ ਉਸ ਦੇ ਗਿਆਨ ਤੋਂ ਬਾਹਰ ਨਹੀਂ ਅਤੇ ਨ ਉਸ ਦੇ ਕਬਜ਼ੇ'ਚੋਂ ਨ ਉਸਦੀ ਪੈਦਾਇਸ਼'ਚੋਂ । ਅਤੇ ਹਜ਼ਾਰਾਂ ਹੀ ਦੁਰੂਦ ਤੇ ਸਲਾਮ ਅਤੇ ਰਹਿਮਤਾਂ ਅਤੇ ਬਰਕਤਾਂ ਉਸ ਪਾਕ ਨਬੀ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਉਪੱਰ ਨਾਜ਼ਲ ਹੋਣ ਜਿਸ ਰਾਹੀਂ ਅਸੀਂ ਜੀਉਂਦੇ ਰੱਬ ਨੂੰ ਪ੍ਰਾਪਤ ਕੀਤਾ । ਉਹ ਸਾਡਾ ਰੱਬ ਅਥਾਹ ਬਰਕਤਾਂ ਵਾਲਾ ਹੈ ਅਤੇ ਅਸੰਖ ਕੁਦਰਤਾਂ ਵਾਲਾ ਅਤੇ ਅਤਿਅੰਤ ਸੁੰਦਰ ਤੇ ਬੇਸ਼ੁਮਾਰ ਉਪਕਾਰਾਂ ਵਾਲਾ ਹੈ, ਉਸ ਤੋਂ ਬਿਨਾਂ ਹੋਰ ਕੋਈ ਖ਼ੁਦਾ ਨਹੀਂ । ਇਹ ਰੱਬ ਸਾਨੂੰ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੇ ਵਸੀਲੇ ਤੋਂ ਮਿਲਿਆ ਹੈ । ਫਿਰ 1903 ਈ. ਦੀ ਆਪਣੀ ਰਚਨਾ 'ਲੈਕਚਰ ਸਿਯਾਲਕੋਟ' ਵਿੱਚ ਆਪ ਲਿਖੱਦੇ ਹਨ : ਭਾਵ ਇਹ ਕਿ ਐਨ੍ਹੇ ਸਾਰੇ ਵਿਗਾੜ ਇਹਨਾਂ ਧਰਮਾ ਵਿੱਚ ਪੈਦਾ ਹੋ ਗਏ ਹਨ ਜਿੰਨ੍ਹਾ ਵਿੱਚੋਂ ਕੁਝ ਵਰਨਣ ਯੋਗ ਵੀ ਨਹੀਂ ਅਤੇ ਜੋ ਮਨੁੱਖੀ ਪਵਿਤੱਰਤਾ ਦੇ ਵੀ ਵਿਰੁਧ ਹਨ । ਇਹ ਸਾਰੀਆਂ ਅਲਾਮਤਾਂ ਇਸਲਾਮ ਦੀ ਲੋੜ ਲਈ ਸਨ । (ਪੁਰਾਣੇ ਧਰਮਾ ਵਿੱਚ ਜੋ ਵਿਗਾੜ ਪੈਦਾ ਹੋਏ ਉਹ ਇਸ ਲਈ ਸੀ ਕਿ ਇਸਲਾਮ ਦੇ ਆਉਣ ਦੀ ਲੋੜ ਸੀ) ਫਰਮਾਇਆ ਕਿ ਇਕ ਸੂਝਵਾਨ ਨੂੰ ਮਨ੍ਹਣਾ ਪੈਂਦਾ ਹੈ ਕਿ ਇਸਲਾਮ ਤੋਂ ਕੁਝ ਦਿਨ ਪਹਿਲਾਂ ਸਾਰੇ ਧਰਮ ਵਿਗੜ ਚੁਕੇ ਸਨ ਅਤੇ ਆਤਮਕਤਾ ਗੁਆ ਬੈਠੇ ਸਨ । ਸੋ, ਸਾਡੇ ਨਬੀ ਸਲਲੱਾਹੁ ਅਲੈਹਿ ਵਸਲਅਮ ਸਚੱਾਈ ਦੇ ਪ੍ਰਗਟਾਵੇ ਲਈ ਇਕ ਮਹਾਨ ਸ਼ੂਰਵੀਰ ਸਨ ਜੋ ਗੁਆਚੀ ਹੋਈ ਸਚੱਾਈ ਨੂੰ ਮੁੜ੍ਹ ਦੁਨੀਆ ਵਿੱਚ ਲਿਆਏ । ਇਸ ਸਨਮਾਨ ਵਿੱਚ ਸਾਡੇ ਨਬੀ ਸਲਲੱਾਹੁ ਅਲੈਹਿ ਵਸਲਅਮ ਨਾਲ ਕੋਈ ਨਬੀ ਸ਼ਰੀਕ ਨਹੀਂ ਕਿ ਆਪ ਨੇ ਸਾਰੀ ਦੁਨੀਆ ਨੂੰ ਅੰਧਕਾਰ ਵਿੱਚ ਪਿਆ ਦੇਖਿਆ ਅਤੇ ਫਿਰ ਆਪ ਦੇ ਪ੍ਰਕਟ ਹੋਣ ਨਾਲ ਉਹ ਅੰਧਕਾਰ ਚਾਨ੍ਹਣ ਵਿੱਚ ਬਦਲ ਗਿਆ ।

ਫਿਰ 1905 ਈ. ਦੀ ਆਪਣੀ ਰਚਨਾ "ਬ੍ਰਾਹੀਨ ਅਹਮਦੀਆ ਜਿਲਦ ਪੰਚ" ਵਿੱਚ ਆਪ ਫ਼ਰਮਾਉਂਦੇ ਹਨ ਕਿ ਕਿ ਹਜ਼ਾਰ ਹਜ਼ਾਰ ਸ਼ੁਕਰ ਉਸ ਮਿਹਰਵਾਨ ਰੱਬ ਦਾ ਹੈ ਜਿਸ ਨੇ ਅਜਿਹਾ ਧਰਮ ਸਾਨੂੰ ਬਖ਼ਸ਼ਿਆ ਜੋ ਰੱਬ ਨੂੰ ਜਾਨਣ ਤੇ ਧਾਰਮਕਤਾ ਦਾ ਇਕ ਅਜਿਹਾ ਸਾਧਨ ਹੈ ਜਿਸ ਦੀ ਉਧਾਰਣ ਕਦੇ ਕਿਸੇ ਜੁੱਗ ਵਿੱਚ ਨਹੀ ਮਿਲਦੀ । ਅਤੇ ਹਜ਼ਾਰਾਂ ਹੀ ਦੁਰੂਦ ਤੇ ਸਲਾਮ ਉਸ ਮਾਸੂਮ ਨਬੀ ਉਪੱਰ ਜਿਸਦੇ ਵਸੀਲੇ ਰਾਹੀਂ ਅਸੀਂ ਇਸ ਪਾਕ ਧਰਮ ਵਿੱਚ ਦਾਖ਼ਲ ਹੋਏ । ਅਤੇ ਹਜ਼ਾਰਾਂ ਹੀ ਰਹਿਮਤਾਂ ਨਬੀ ਪਾਕ ਸਲਲੱਾਹੁ ਅਲੈਹਿ ਵਸਅਮ ਦੇ ਸਹਾਬਾ ਉਪੱਰ ਹੋਣ ਜਿੰਨ੍ਹਾ ਨੇ ਆਪਣੇ ਰਕਤ ਰਾਹੀਂ ਇਸ ਬਾਗ਼ ਦੀ ਸੀਂਚਾਈ ਕੀਤੀ ।

ਫਿਰ 1907 ਈ. ਦੀ ਆਪ ਜੀ ਦੀ ਰਚਨਾ 'ਹਕੀਕਾਤੁਲ ਵਹੀ' ਹੈ ਇਸ ਵਿੱਚ ਆਪ ਫ਼ਰਮਾਉਂਦੇ ਹਨ ਕਿ : ਸੋ, ਮੈਂ ਹਮੇਸ਼ ਹੈਰਾਨੀ ਨਾਲ ਦੇਖਦਾ ਹਾਂ ਕਿ ਇਹ ਅਰਬੀ ਨਬੀ ਜਿਸਦਾ ਨਾਂ ਮੁਹਮੱਦ (ਸਲਲੱਾਹੁ ਅਲੈਹਿ ਵਸਲਅਮ) ਹੈ ਹਜ਼ਾਰਾਂ ਹੀ ਦੁਰੂਦ ਤੇ ਸਲਾਮ ਉਸ'ਤੇ ਇਹ ਕਿੰਨ੍ਹੀ ਸ਼ਾਨ ਵਾਲਾ ਤੇ ਬੁਲੰਦ ਮਰਤਬੇ ਦਾ ਨਬੀ ਹੈ । ਇਸ ਉਚੱਤਮ ਮਰਤਬੇ ਦਾ ਅੰਤ ਗਿਆਤ ਨਹੀਂ ਹੋ ਸਕਦਾ ਅਤੇ ਇਸ ਦੇ ਪਵਿਤੱਰ ਪ੍ਰਭਾਵ ਦਾ ਅਨੁਮਾਨ ਕਰਨਾ ਮਨੁੱਖ ਦਾ ਕੰਮ ਨਹੀਂ । ਦੁੱਖ ਦੀ ਗੱਲ ਹੈ ਕਿ ਜਿਹਾ ਹੱਕ ਉਸ ਦੀ ਸ਼ਨਾਖ਼ਤ ਦਾ ਹੈ ਉਸ ਦੇ ਮਰਤਬੇ ਨੂੰ ਜਾਣਿਆਂ ਨਹੀਂ ਗਿਆ । ਉਹ ਤੌਹੀਦ (ਇਕ ਈਸ਼ਵਰ ਵਾਦ) ਜੋ ਦੁਨੀਆਂ ਵਿੱਚੋਂ ਅਲੋਪ ਹੋ ਚੁੱਕੀ ਸੀ, ਉਹੋ ਇਕ ਪਹਿਲਵਾਨ ਹੈ ਜੋ ਮੁੜ੍ਹ ਉਸ ਨੂੰ ਦੁਨੀਆ ਵਿੱਚ ਲੈ ਆਇਆ । ਉਸ ਨੇ ਰੱਬ ਨਾਲ ਅਤਿ ਦਰਜੇ ਦਾ ਪ੍ਰੇਮ ਕੀਤਾ ਅਤੇ ਅਤਿ ਦਰਜੇ ਦੀ ਮਨੁੱਖੀ ਹਮਦਰਦੀ ਵਿੱਚ ਉਸ ਦੀ ਆਤਮਾ ਹਲੀਮ ਹੋਈ ਇਸ ਲਈ ਰੱਬ ਨੇ ਜੋ ਉਸ ਦੇ ਦਿਲ ਦੇ ਅੰਦਰ ਦੇ ਭੇਦ ਦਾ ਜਾਣੂ ਸੀ ਉਸ ਨੂੰ ਸਾਰਿਆਂ ਨਬੀਆਂ ਪਹਿਲਿਆਂ ਤੇ ਮਗਰਲਿਆਂ ਉਪੱਰ ਵੱਡਿਆਈ ਪ੍ਰਦਾਨ ਕੀਤੀ ਅਤੇ ਉਸ ਦੀਆਂ ਮੁਰਾਦਾਂ ਓਸ ਦੇ ਜੀਵਨ ਵਿੱਚ ਉਸਨੂੰ ਦਿੱਤੀਆਂ । ਉਹੋ ਹੈ ਜੋ ਹਰ ਇਕ ਫ਼ੈਜ਼ ਦਾ ਸੋਮਾ ਹੈ ਅਤੇ ਉਹ ਮੁਨੱਖ ਜੋ ਉਸ ਦੇ ਫ਼ੈਜ ਤੋਂ ਬਿਨਾ ਕਿਸੇ ਵੱਡਿਆਈ ਦਾ ਦਾਵਾ ਕਰਦਾ ਹੈ, ਉਹ ਮਨੁੱਖ ਨਹੀਂ ਸਗੋਂ ਸ਼ੈਤਾਨ ਦੀ ਸੰਤਾਨ ਹੈ ।

ਫਿਰ 1908 ਈ. ਦੀ ਆਪਣੀ ਰਚਨਾ 'ਚਸ਼ਮਾਏ ਮਆਰਫ਼ਤ' ਵਿੱਚ ਆਪ ਫ਼ਰਮਾਉਂਦੇ ਹਨ ਕਿ ਦੁਨੀਆ ਵਿੱਚ ਅਜਿਹੇ ਭਲੇ ਪੁਰੁਖ ਕਰੋੜ੍ਹਾਂ ਹੀ ਲੰਘੇ ਹਨ ਅਤੇ ਅਗਾਂਹ ਵੀ ਹੋਣਗੇ ਪਰ ਅਸੀਂ ਸਭ ਤੋਂ ਚੰਗਾ ਤੇ ਸਭ ਤੋਂ ਉਤੱਮ ਅਤੇ ਸਭ ਤੋਂ ਵੱਧ ਰੱਬ ਤਰਸੀ ਕਰਨ ਵਾਲਾ ਇਸ ਮਹਾਪੁਰਖ ਨੂੰ ਦੇਖਿਆ ਜਿਸ ਦਾ ਨਾਂ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਹੈ । "ਇਨੱਲੱਾਹਾ ਵ ਮਲਾਇਕਾਤੁਹੂ ਯੁਸਲੂੱਨਾ

ਅਲਨ ਨਬੀੱਯਿ, ਯਾ ਅਯੁੱਹਲੱਜ਼ੀਨਾ ਆਮਾਨੂ ਸਲੁੱ ਅਲੈਹਿ ਵ ਸੱਲਿਮੂ ਤਸਲੀਮਾ'' ( إِنَّ اللّٰهَ وَمَلٰٓئِكَتَهٗ يُصَلُّوْنَ عَلَى النَّبِيِّ ۭ يٰٓاَيُّهَا الَّذِيْنَ اٰمَنُوْا صَلُّوْا عَلَيْهِ وَسَلِّمُوْا تَسْلِيْمًا ۝۵۶ ) ਉਹਨਾਂ ਕੌਮਾਂ ਦੇ ਬਜ਼ੁਰਗਾਂ ਦੀ ਗੱਲ ਤਾਂ ਛੱਡੋ ਜਿੰਨ੍ਹਾ ਦਾ ਵਰਨਣ ਕੁਰਆਨ ਕਰੀਮ ਵਿੱਚ ਵਿਸਥਾਰ ਨਾਲ ਵਰਨਣ ਨਹੀਂ ਕੀਤਾ ਗਿਆ, ਅਸੀਂ ਕੇਵਲ ਉਹਨਾਂ ਨਬੀਆਂ ਬਾਰੇ ਆਪਣੀ ਰਾਏ ਪ੍ਰਕਟ ਕਰਦੇ ਹਾਂ ਜਿੰਨ੍ਹਾ ਦਾ ਵਰਨਣ ਕੁਰਆਨ ਸ਼ਰੀਫ਼  ਵਿੱਚ ਹੈ । ਜਿਵੇਂ ਹਜ਼ਰਤ ਮੂਸਾ ਅਲੈਹਿ ਸਲਾਮ, ਹਜ਼ਰਤ ਦਾਊਦ ਅਲੈਹਿ ਸਲਾਮ, ਹਜ਼ਰਤ ਈਸਾ ਅਲੈਹਿ ਸਲਾਮ ਅਤੇ ਹੋਰ ਨਬੀ । ਸੋ, ਅਸੀਂ ਰੱਬ ਦੀ ਸਹੁੰ ਖਾਕੇ ਕਹਿੰਦੇ ਹਾਂ ਕਿ ਜੇਕਰ ਹਜ਼ਰਤ ਮੁਹੰਮਦ ਸਲਲੱਾਹੁ ਅਲੈਹਿ ਵਸਲਅਮ ਦੁਨੀਆ ਵਿੱਚ ਨ ਆਉਂਦੇ ਅਤੇ ਕੁਰਆਨ ਸ਼ਰੀਫ਼ ਨਾਜ਼ਲ ਨ ਹੁੰਦਾ ਅਤੇ ਉਹ ਬਰਕਤਾਂ ਅਸੀਂ ਆਪਣੀਆਂ ਅਖੱਾਂ ਨਾਲ ਦੇਖਦੇ ਜੋ ਅਸੀਂ ਦੇਖ ਲਈਆਂ ਹਨ ਤਾਂ ਉਹਨਾਂ ਸਾਰਿਆਂ ਲੰਘੇ ਨਬੀਆਂ ਦੀ ਸਚੱਾਈ ਸਾਡੇ ਉਪੱਰ ਸੰਦੇਹਪੂਰਨ ਰਹਿ ਜਾਂਦੀ ।

ਫਿਰ 'ਚਸ਼ਮਾਏ ਮਆਰਫ਼ਤ' ਵਿੱਚ ਹੀ ਆਪ ਫ਼ਰਮਾਉਂਦੇ ਹਨ ਕਿ ਹੁਣ ਸੋਚਣਾ ਚਾਹੀਦਾਹੈ ਕਿ ਕੀ ਇਹ ਸਨਮਾਨ, ਕੀ ਇਹ ਆਨ ਬਾਨ, ਕੀ ਇਹ ਇਨਕਲਾਬ, ਕੀ ਇਹ ਜਲਾਲ, ਕੀ ਇਹ ਹਜ਼ਾਰਾਂ ਹੀ ਅਕਾਸ਼ੀ ਚਮਤਕਾਰ ਅਤੇ ਕੀ ਇਹ ਹਜ਼ਾਰਾਂ ਹੀ ਰਬੱਾਨੀ ਬਰਕਤਾਂ ਝੂਠੇ ਨੂੰ ਮਿਲ ਸਕਦੀਆਂ ਸਨ । ਸਾਨੂੰ ਬਹੁਤ ਮਾਣ ਹੈ ਕਿ ਜਿਸ ਨਬੀ ਅਲੈਹਿ ਸਲਾਮ ਦਾ ਅਸੀਂ ਪਲੱਾ ਫੜਿਆ ਹੈ, ਰੱਬ ਦੀ ਉਸ ਉਪੱਰ ਬਹੁਤ ਹੀ ਮਿਹਰ ਹੈ । ਉਹ ਰੱਬ ਤਾਂ ਨਹੀਂ ਪਰ ਉਸ ਰਾਹੀਂ ਅਸੀਂ ਰੱਬ ਨੂੰ ਦੇਖ ਲਿਆ ਹੈ । ਉਸ ਦਾ ਧਰਮ ਜੋ ਸਾਨੂੰ ਮਿਲਿਆ ਹੈ ਰੱਬ ਦੀਆਂ ਸ਼ਕਤੀਆਂ ਦਾ ਦਰਪਨ ਹੈ, ਜੇਕਰ ਇਸਲਾਮ ਨ ਹੁੰਦਾ ਤਾਂ ਇਸ ਜੁੱਗ ਵਿੱਚ ਇਸ ਗੱਲ ਦਾ ਸਮਝਣਾ ਅਸੰਭਵ ਸੀ ਕਿ ਨਬੁਵੱਤ ਕੀ ਚੀਜ਼ ਹੈ ਅਤੇ ਚਮਤਕਾਰ ਵੀ ਸੰਭਵ ਹਨ ਅਤੇ ਕੀ ਉਹ ਕੁਦਰਤ ਦੇ ਨੀਯਮਾ ਵਿੱਚ ਸ਼ਾਮਲ ਹਨ । ਇਸ ਅਨੁਬੰਧ (ਇਕਰਾਰ ਨਾਮੇ) ਨੂੰ ਇਸ ਸਬੀ ਦੇ ਸਦੈਵੀ ਫ਼ੈਜ਼ ਨੇ ਹੱਲ ਕੀਤਾ ਅਤੇ ਇਸੇ ਦੇ ਤੁਫ਼ੈਲ ਹੁਣ ਅਸੀਂ ਹੋਰਨਾ ਧਰਮਾ ਵਾਂਗ ਕੇਵਲ ਕਹਾਣੀਆਂ ਉਪੱਰ ਨਿਰਭਰ ਨਹੀਂ ਸਗੋਂ ਰੱਬ ਦਾ ਨੂਰ ਅਤੇ ਰੱਬ ਦੀ ਅਕਾਸ਼ੀ ਸਹਾਇਤਾ ਸਾਡੇ ਨਾਲ ਹੈ । ਅਸੀਂ ਕੀ ਚੀਜ਼ ਹਾਂ ਜੋ ਉਸ ਦਾ ਧੰਨਵਾਦ ਕਰ ਸਕੀਏ ਕਿ ਉਹ ਰੱਬ ਜੋ ਹੋਰਨਾ'ਤੇ ਗੁਪਤ ਹੈ ਅਤੇ ਉਹ ਗੁਪਤ ਸ਼ਕਤੀ ਜੋ ਦੂਜਿਆਂ ਤੋਂ ਗੁਪਤ ਦਰ ਗੁਪਤ ਹੈ, ਉਹ ਜਲਾਲ ਵਾਲਾ ਰੱਬ ਉਸ ਨਬੀ ਰਾਹੀਂ ਸਾਡੇ ਉਪੱਰ ਪ੍ਰਕਟ ਹੋ ਗਿਆ ।

ਸੋ, ਉਹਨਾਂ ਮੌਲਵੀਆਂ ਨੂੰ ਆਪ'ਤੇ ਇਹ ਇਤਰਾਜ਼ ਹੈ ਕਿ ਕਿਉਂ ਰੱਬ ਨੇ ਹਜ਼ਰਤ  ਮਸੀਹ ਮੌਊਦ ਅਲੈਹਿ ਸਲਾਮ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਸੱਚੀ ਪੈਰ੍ਵੀ ਅਤੇ ਪ੍ਰੇਮ ਕਰਕੇ ਕਲਾਮ ਕੀਤਾ । ਰੱਬ ਨੇ ਕਿਉ ਆਪਣੀ ਨੇੜਤਾ ਨਾਲ ਆਪ ਨੂੰ ਨਿਵਾਜਿਆ । ਸੋ, ਹਜ਼ਰਤ ਮਸੀਹ ਮੌਊਅਦ ਅਲੈਹਿ ਸਲਾਮ ਜਾਂ ਜਮਾਤ ਅਹਦੀਆ ਨਹੀਂ ਸਗੋਂ ਇਹ ਨਾਂ ਨਿਹਾਦ ਮੌਲਵੀ ਇਸ ਆਰੋਪ ਹੇਠ ਆਉਂਦੇ ਹਨ ਕਿ ਹੁਣ ਨਬੀ ਕਰੀਮ ਸਲਲੱਾਹੁ ਆਲੈਹਿ ਵਸਲਅਮ ਦਾ ਫ਼ੈਜ ਜਾਰੀ ਨਹੀਂ ਹੈ । (ਨਊਜ਼ਬਿਲੱਾਹ) ਰੱਬ ਦੀਆ ਸ਼ਕਤੀਆਂ ਅਤੇ ਗੁਣ ਸੀਮਤ ਹੋ ਗਏ ਹਨ । ਸੋ, ਜੇਕਰ ਆਰੋਪ ਲਗੱਦਾ ਹੈ ਤਾਂ ਉਹਨਾਂ ਲੋਕਾਂ'ਤੇ ਲਗੱਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਦੀਆਂ ਸ਼ਕਤੀਆਂ ਹੁਣ ਵੀ ਕੰਮ ਕਰ ਰਹੀਆਂ ਹਨ ।

ਫਿਰ 'ਚਸ਼ਮਾਏ ਮਆਰਫ਼ਤ' ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਆਲੈਹਿ ਵਸਲਅਮ ਦੇ ਮੁਕਾਮ, ਮਰਤਬੇ ਅਤੇ ਆਪਦੇ ਜਾਰੀ ਫ਼ੈਜ਼ ਬਾਰੇ ਫ਼ਰਮਾਉਂਦੇ ਹਨ ਕਿ ਫਿਰ ਜੱਦ ਸਾਡੇ ਬਜ਼ੁਰਗ ਨਬੀ ਸਲਲੱਾਹੁ ਅਲੈਹਿ ਵਸਲਅਮ ਦੁਨੀਆ ਵਿੱਚ ਪ੍ਰਕਟ ਹੋਏ ਤਾਂ ਇਕ ਮਹਾਨ ਇਨਕਲਾਬ ਦੁਨੀਆ ਵਿੱਚ ਆਇਆ ਅਤੇ ਥੋੜੇ ਹੀ ਦਿਨਾਂ ਵਿੱਚ ਉਹ ਟਾਪੂ ਅਰਬ ਜੋ ਸਿਵਾਏ ਬੁੱਤ ਪ੍ਰਸਤੀ ਦੇ ਹੋਰ ਕੁਝ ਵੀ ਨਹੀਂ ਜਾਣਦਾ ਸੀ ਇਕ ਸਾਗਰ ਵਾਂਗ ਰੱਬ ਦੀ ਤੌਹੀਦ (ਇਕ ਈਸ਼ਵਰਵਾਦ) ਨਾਲ ਭਰ ਗਿਆ। ਇਸ ਤੋਂ ਬਿਨਾ ਇਹ ਅਦਭੁੱਤ ਗੱਲ ਹੈ ਕਿ ਸਾਡੇ ਸੱਯਦੇ ਮੌਲਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਜਿੰਨ੍ਹੇ ਰੱਬ ਵੱਲੋਂ ਨਿਸ਼ਾਨ ਤੇ ਚਮਤਕਾਰ ਮਿਲੇ ਉਹ ਕੇਵਲ ਉਸ ਜੁੱਗ ਤੱਕ ਸੀਮਤ ਨਹੀਂ ਸੀ ਸਗੋਂ ਕਯਾਮਤ ਤੱਕ ਉਹਨਾਂ ਦਾ ਸਿਲਸਿਲਾ ਜਾਰੀ ਹੈ । ਪਹਿਲੇ, ਜੁੱਗਾਂ ਵਿੱਚ ਜੋ ਕੋਈ ਨਬੀ ਹੁੰਦਾ ਸੀ ਉਹ ਕਿਸੇ ਬੀਤੇ ਨਬੀ ਦੀ ਉਮੱਤ ਨਹੀਂ ਅਖੱਵਾਉਂਦਾ ਸੀ ਭਾਵੇਂ ਉਸ ਦੇ ਦੀਨ ਦੀ ਸਹਾਇਤਾ ਕਰਦਾ ਸੀ ਅਤੇ ਉਸ ਨੂੰ ਸਚੱਾ ਜਾਣਦਾ ਸੀ, ਪਰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੂੰ ਇਹ ਵਿਸੇਸ਼ ਮਾਣ ਪ੍ਰਾਪਤ ਹੈ ਕਿ ਉਹ ਉਹਨਾਂ ਅਰਥਾਂ ਵਿੱਚ ਖ਼ਾਤਾਮੁਲ ਅੰਬਿਆ ਹਨ ਕਿ ਇਕ ਤਾਂ ਨਬੁਵੱਤ ਦੇ ਸਾਰੇ ਕਮਾਲਾਤ ਉਹਨਾਂ'ਤੇ ਖ਼ਤਮ ਹੁੰਦੇ ਹਨ ਅਤੇ ਦੂਜਾ ਇਹ ਕਿ ਉਹਨਾਂ ਦੇ ਬਾਦ ਕੋਈ ਨਵੀਂ ਸ਼ਰੀਯੱਤ ਲਿਆਉਣ ਵਾਲਾ ਰਸੂਲ ਨਹੀਂ ਅਤੇ ਨ ਕੋਈ ਅਜਿਹਾ ਨਬੀ ਹੈ ਜੋ ਉਹਨਾਂ ਦੀ ਉਮੱਤ'ਚੋ

ਬਾਹਰ ਹੋਵੇ ਸਗੋਂ ਹਰ ਇਕ ਨੂੰ ਜੋ ਇਲਾਹੀ ਕਲਾਮ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਉਹ ਉਹਨਾਂ ਦੇ ਹੀ ਫ਼ੈਜ਼ ਅਤੇ ਉਹਨਾਂ ਰਾਹੀਂ ਹੀ ਮਿਲਦਾ ਹੈ ਅਤੇ ਓਹ ਉਮੱਤੀ ਅਖਵਾਉਂਦਾ ਹੈ ਨ ਕਿ ਕੋਈ ਪੱਕੇ ਤੌਰ'ਤੇ ਨਬੀ ।

ਸੋ, ਇਸ ਪੱਖੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਰੱਬ ਤੋਂ ਸੂਚਨਾ ਪ੍ਰਾਪਤ ਕਰਕੇ ਆਪਣੇ ਉਮੱਤੀ ਨਬੀ ਹੋਣ ਦਾ ਐਲਾਨ ਕੀਤਾ । ਫਿਰ ਫ਼ਰਮਾਉਂਦੇ ਹਨ ਕਿ ਖ਼ਲਕਤ ਦਾ ਧਿਆਨ ਤੇ ਪਰਵਾਨਗੀ ਦੀ ਇਹ ਅਵਸਥਾ ਹੈ ਕਿ ਅੱਜ ਘੱਟੋ ਘੱਟ ਵੀਹ ਕਰੋੜ ਹਰ ਤਬਕੇ ਦੇ ਮੁਸਲਮਾਨ ਆਪ ਦੀ ਗ਼ੁਲਾਮੀ ਵਿੱਚ ਲੱਕ ਬੰਨ੍ਹੀ ਖੜੇ ਹਨ ਅਤੇ ਜੱਦ ਤੋਂ ਰੱਬ ਨੇ ਆਪ ਨੂੰ ਪੈਦਾ ਕੀਤਾ ਹੈ ਵੱਡੇ ਵੱਡੇ ਬਾਦਸ਼ਾਹ ਜੋ ਇਕ ਦੁਨੀਆ (ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਹ ਗਿਣਤੀ ਉਸ ਸਮੇਂ ਦੀ ਦੱਸ ਰਹੇ ਹਨ ਜੋ ਆਪ ਜੀ ਦੇ ਜੁੱਗ ਸਮੇਂ ਸੀ) ਨੂੰ ਜਿਤੱਣ ਵਾਲੇ ਸਨ । ਆਪ ਦੇ ਪੈਰ੍ਹਾਂ'ਤੇ ਹੀਣੇ ਗ਼ੁਲਾਮਾ ਵਾਂਗ ਡਿੱਗ ਰਹੇ ਹਨ ਅਤੇ ਇਸ ਸਮੇਂ ਦੇ ਇਸਲਾਮੀ ਬਾਦਸ਼ਾਹ ਵੀ ਹੀਣੇ ਚਾਕਰਾਂ ਵਾਂਗ ਆਪ ਦੀ ਸੇਵਾ ਵਿੱਚ ਆਪਣੇ ਆਪਨੂੰ ਸਮਝਦੇ ਹਨ ਅਤੇ ਨਾਂ ਲੈਂਣ ਲਈ ਤਖ਼ਤ ਤੋਂ ਹੇਠਾਂ ਉਤਰ ਆਉਂਦੇ ਹਨ । ਇਹ ਮੁਕਾਮ ਆਪ ਦੱਸ ਰਹੇ ਹਨ ਅਤੇ ਇਹ ਜੋ ਆਪ ਉਪੱਰ ਅਰੋਪ ਹੈ ਕਿ ਆਪ ਨਊਜ਼ਬਿੱਲਾਹ ਦੂਜੇ ਮੁਸਲਮਾਨਾਂ ਨੂੰ ਮੁਸਲਮਾਨ ਨਹੀਂ ਸਮਝਦੇ, ਆਪ ਫ਼ਰਮਾ ਰਹੇ ਹਨ ਕਿ ਸਾਰੀ ਦੁਨੀਆ ਦੇ ਮੁਸਲਮਾਨ ਜੋ ਹਨ ਉਹ ਆਪ ਦੀ ਗ਼ੁਲਾਮੀ ਵਿੱਚ ਮਾਣ ਅਨੁਭਵ ਕਰਦੇ ਹਨ, ਕੇਵਲ ਅਹਮਦੀ ਨਹੀਂ । ਸੋ ਇਹ ਮੁਕਾਮ ਤੇ ਮਰਤਬਾ ਹੈ ਹਜ਼ਰਤ ਮੁਹਮੱਦ ਮੁਸਤਫ਼ਾ ਸਲਲਾਹੁ ਅਲੈਹਿ ਵਸਲਅਮ ਦਾ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਮਝਿਆ ਅਤੇ ਦੁਨੀਆ ਨੂੰ ਦੱਸਿਆ ਅਤੇ ਆਪਣੇ ਮੰਨ੍ਹਣ ਵਾਲਿਆਂ ਨੂੰ ਇਸ ਦਾ ਗਿਆਨ ਪ੍ਰਦਾਨ ਕੀਤਾ । ਜੇਕਰ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਣ ਵਾਲੇ ਨ ਹੁੰਦੇ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੀ ਵੱਡਿਆਈ, ਸੁੰਦਰਤਾ ਅਤੇ ਬੁਲੰਦ ਮੁਕਾਮ ਦੀ ਦੀ ਡੂੰਘਿਆਈ ਨੂੰ ਅਸੀਂ ਕਦੇ ਵੀ ਜਾਣ ਨਹੀਂ ਸਕਦੇ । ਵਿਰੋਧੀ ਕਹਿੰਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸ਼ੁਰੂ ਵਿੱਚ ਕੁਝ ਕਹਿੰਦੇ ਸਨ ਅਤੇ ਬਾਦ ਵਿੱਚ ਆਪਣੀ ਸੋਚ ਬਦਲ ਲਈ ਅਤੇ ਨਊਜ਼ਬਿਲੱਾਹ ਵਿਅਕਤੀਗੱਤ ਹਿਤੱ ਪ੍ਰਾਪਤ ਕਰਨ ਲੱਗ ਗਏ । ਇਹ ਸਾਰੀਆਂ ਰਚਨਾਵਾਂ ਹਨ ਜੋ ਮੈਂ 1880 ਈ. ਤੋਂ 1908 ਈ. ਤੱਕ ਜੋ ਆਪ ਦੀ ਵਫ਼ਾਤ ਦਾ ਸਾਲ ਹੈ ਪੇਸ਼ ਕੀਤੀਆਂ ਹਨ । ਇਹਨਾਂ ਰਚਨਾਵਾਂ ਵਿੱਚ ਕਿਤੇ ਵੀ ਇਕ ਥਾਂ ਵੀ ਅਜਿਹਾ ਝੋਲ ਨਹੀਂ ਹੈ ਜੋ ਇਕ ਦੂਜੇ ਨਾਲ ਸੁਮੇਲ ਨ ਰਖੱਦਾ ਹੋਵੇ । ਹਰ ਥਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਮੁਕਾਮ ਤੇ ਮਰਤਬੇ ਨੂੰ ਪਹਿਲਾਂ ਤੋਂ ਵੱਧਕੇ ਆਪ ਨੇ ਵਰਨਣ ਕੀਤਾ ਹੈ । ਆਪਣੇ ਆਪ ਨੂੰ ਜੇਕਰ ਕਿਤੇ ਨਬੀ ਕਿਹਾ ਵੀ ਹੈ ਤਾਂ ਆਪ ਦੀ ਗ਼ੁਲਾਮੀ ਵਿੱਚ ।

ਅਲੱਾਹ ਤਆਲਾ ਇਹਨਾਂ ਹਿੱਤ ਪ੍ਰਸਤਾਂ ਦੀ ਚੁੰਗਲ ਤੋਂ ਉਮੱਤੇ ਮੁਸਲਿਮਾ ਨੂੰ ਬਚਾਏ ਅਤੇ ਇਹ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਪ੍ਰੇਮੀ ਨੂੰ ਮੰਨ੍ਹਣ ਵਾਲੇ ਹੋਣ ਅਤੇ ਇਹੋ ਇਕ ਤਰੀਕਾ ਹੈ ਅਤੇ ਇਹੋ ਇਕ ਸਾਧਨ ਹੈ ਜੋ ਉਮੱਤੇ ਮੁਸਲਿਮਾ ਦੀ ਸਾਖ਼ ਨੂੰ ਮੁੜ੍ਹ ਕਾਇਮ ਕਰ ਸਕਦਾ ਹੈ । ਅਲੱਾਹ ਤਆਲਾ ਸਾਨੂੰ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਕਿਤਾਬਾਂ ਤੇ ਕਥਨਾਂ ਨੂੰ ਪੜ੍ਹਨ ਅਤੇ ਉਹਨਾਂ ਨੂੰ ਸਮਝਣ ਦੀ ਉਚਿਤ ਤੌਫ਼ੀਕ ਪ੍ਰਦਾਨ ਕਰੇ । ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਰਾਹੀਂ ਸਾਨੂੰ ਆਪਣੇ ਤੱਕ ਪਹੁੰਚਣ ਦਾ ਸਹੀ ਤੇ ਉਚਿਤ ਗਿਆਨ ਪ੍ਰਦਾਨ ਕਰੇ ਅਤੇ ਤੌਫ਼ੀਕ (ਸੰਜੋਗ) ਵੀ ਪ੍ਰਦਾਨ ਫ਼ਰਮਾਏ ।

**Khulasa Khutba 18.12.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131